ਵੱਲੋਂ

ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ।

ਸੇਵਾ ਵਿੱਚ

ਸਮੂਹ ਪ੍ਰਿੰਸੀਪਲ/ਡਾਇਰੈਕਟਰ,
ਇੰਜਨੀਅਰਿੰਗ ਕਾਲਜ / ਫਾਰਮੇਸੀ / ਮੈਨੇਜਮੈਂਟ

ਮੀਮੋ ਨੰ: 13 /ਸ-3/ਈ.ਸੀ.ਸੀ./2013 ਮਿਤੀ: 05.02.2013

ਵਿਸ਼ਾ:- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਅਨੁਸੂਚਿਤ ਜਾਤੀਆਂ/ਪਛੜੀਆਂ ਜਾਤੀਆਂ ਦੇ ਵਿਦਿਆਰਥੀਆਂ ਨੂੰ ਲਾਭ ਦੇਣ ਲਈ ਆਧਾਰ ਕਾਰਡ ਬਣਾਉਣ ਸਬੰਧੀ।

ਹਵਾਲਾ :- ਉਪਰੋਕਤ ਵਿਸ਼ੇ ਤੇ ।

ਭਲਾਈ ਵਿਭਾਗ, ਪੰਜਾਬ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਪਨੂੰ ਦਸਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਮਾਮਲੇ ਵਿਚ ਆਪਦੀ ਸੰਸਥਾ ਵਿਚ ਪੜ੍ਹ ਰਹੇ ਯੋਗ ਅਨੁਸੂਚਿਤ ਜਾਤੀ/ਪਛੜੀ ਜਾਤੀ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਦਿੱਤੇ ਜਾਣ ਵਾਲੇ ਲਾਭ ਲਈ ਆਧਾਰ ਕਾਰਡ ਤੁਰੰਤ ਬਣਵਾਉਣ ਉਪਰੰਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ ਕਿਉਂਜੋ ਆਧਾਰ ਕਾਰਡ ਬਣਨ ਤੇ ਹੀ ਪੋਸਟਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਭਲਾਈ ਵਿਭਾਗ ਵੱਲੋਂ ਰਾਸ਼ੀ ਦੀ ਅਦਾਇਗੀ ਸਬੰਧਤਾਂ ਦੇ ਖਾਤਿਆਂ ਵਿਚ ਕੀਤੀ ਜਾਣੀ ਹੈ। ਅਜਿਹਾ ਸਮੇਂ ਸਿਰ ਨਾ ਹੋਣ ਤੇ ਜ਼ਿਮੇਵਾਰੀ ਆਪਦੀ ਸੰਸਥਾ ਦੀ ਹੋਵੇਗੀ ।

ਇਸਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ ।

ਵਧੀਕ ਡਾਇਰੈਕਟਰ,
ਵਾ: ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।